This translation is out of date. Use it along with the current VIS in English. Visit www.immunize.org/vis for details.


ਟੀਕੇ ਦੇ ਬਾਰੇ ਸੂਚਨਾ ਸੰਬੰਧੀ ਵੇਰਵਾ

# TDAP (ਟੈਟਨਸ, ਡਿਪਥੀਰੀਆ, ਪਰਟੂਸਿਸ) ਵੈਕਸੀਨ: ਤੁਹਾਡੇ ਲਈ ਕੀ ਜਾਣਨਾ ਜ਼ਰੂਰੀ ਹੈ

ਟੀਕੇ ਦੇ ਬਾਰੇ ਸੂਚਨਾ ਸੰਬੰਧੀ ਵੇਰਵੇ ਸਪੇਨਿਸ਼ ਅਤੇ ਹੋਰ ਭਾਸ਼ਾਵਾਂ ਵਿੱਚ ਉਪਲੱਬਧ ਹਨ। www.immunize.org/vis 'ਤੇ ਜਾਓ

Hojas de información sobre vacunas están disponibles en español y en muchos otros idiomas. Visite www.immunize.org/vis

## 1. ਟੀਕਾ ਕਿਉਂ ਲਗਵਾਉਣਾ ਚਾਹੀਦਾ ਹੈ?

**Tdap ਵੈਕਸੀਨ** ਨਾਲ **ਟੈਟਨਸ, ਡਿਪਥੀਰੀਆ**, ਅਤੇ **ਪਰਟੂਸਿਸ** ਤੋਂ ਬਚਿਆ ਜਾ ਸਕਦਾ ਹੈ।

ਡਿਪਥੀਰੀਆ ਅਤੇ ਪਰਟੂਸਿਸ ਇੱਕ ਵਿਅਕਤੀ ਤੋਂ ਦੂਜੇ ਵਿੱਚ ਫੈਲਦੇ ਹਨ। ਟੈਟਨਸ ਚਮੜੀ ਵਿੱਚ ਕੱਟ ਜਾਂ ਜ਼ਖ਼ਮ ਰਾਹੀਂ ਸਰੀਰ ਵਿੱਚ ਦਾਖਲ ਹੁੰਦਾ ਹੈ।

- **ਟੈਟਨਸ** (T) ਕਰਕੇ ਮਾਸਪੇਸ਼ੀਆਂ ਵਿੱਚ ਅਕੜਾਅ ਹੋ ਸਕਦਾ ਹੈ। ਟੈਟਨਸ ਕਰਕੇ ਗੰਭੀਰ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ ਜਿਸ ਵਿੱਚ ਮੂੰਹ ਖੋਲ੍ਹਣ ਵਿੱਚ ਅਸਮਰੱਥਾ, ਭੋਜਨ ਨੂੰ ਨਿਗਲਣ ਅਤੇ ਸਾਹ ਲੈਣ ਵਿੱਚ ਮੁਸ਼ਕਲ, ਜਾਂ ਮੌਤ ਵੀ ਹੋ ਸਕਦੀ ਹੈ।
- **ਡਿਪਥੀਰੀਆ** (D) ਕਰਕੇ ਸਾਹ ਲੈਣ ਵਿੱਚ ਮੁਸ਼ਕਲ, ਦਿਲ ਦੀ ਧੜਕਣ ਰੁਕਣਾ, ਅਧਰੰਗ, ਜਾਂ ਮੌਤ ਹੋ ਸਕਦੀ ਹੈ।
- **ਪਰਟੂਸਿਸ** (aP), ਜਿਸਨੂੰ "ਕਾਲੀ ਖੰਘ" ਵਜੋਂ ਵੀ ਜਾਣਿਆ ਜਾਂਦਾ ਹੈ, ਕਰਕੇ ਬੇਕਾਬੂ, ਨਿਰੰਤਰ ਖੰਘ ਹੋ ਸਕਦੀ ਹੈ ਅਤੇ ਸਾਹ ਲੈਣਾ, ਖਾਣਾ ਜਾਂ ਪੀਣਾ ਮੁਸ਼ਕਲ ਹੋ ਜਾਂਦਾ ਹੈ। ਪਰਟੂਸਿਸ ਬਹੁਤ ਗੰਭੀਰ ਹੋ ਸਕਦਾ ਹੈ, ਖਾਸ ਕਰਕੇ ਨਿਆਣਿਆਂ ਅਤੇ ਛੋਟੇ ਬੱਚਿਆਂ ਵਿੱਚ, ਅਤੇ ਨਮੂਨੀਆ, ਕੜਵੱਲ, ਦਿਮਾਗ ਨੂੰ ਨੁਕਸਾਨ, ਜਾਂ ਮੌਤ ਦਾ ਕਾਰਨ ਬਣ ਸਕਦਾ ਹੈ। ਕਿਸ਼ੋਰਾਂ ਅਤੇ ਬਾਲਗਾਂ ਵਿੱਚ, ਇਹ ਵਜ਼ਨ ਘੱਟ ਹੋਣ, ਬਲੈਡਰ 'ਤੇ ਨਿਯੰਤਰਣ ਵਿੱਚ ਕਮੀ, ਬੇਹੋਸ਼ੀ, ਅਤੇ ਗੰਭੀਰ ਖੰਘ ਦਾ ਕਾਰਨ ਬਣ ਸਕਦਾ ਹੈ ਜਿਸ ਨਾਲ ਪਸਲੀਆਂ ਟੁੱਟ ਸਕਦੀਆਂ ਹਨ।

## 2. Tdap ਵੈਕਸੀਨ

Tdap ਸਿਰਫ਼ 7 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬੱਚਿਆਂ, ਕਿਸ਼ੋਰਾਂ ਅਤੇ ਬਾਲਗਾਂ ਲਈ ਹੈ।

**ਅੱਲ੍ਹੜ ਉਮਰ** ਦੇ ਬੱਚਿਆਂ, ਖਾਸ ਤੌਰ 'ਤੇ 11 ਜਾਂ 12 ਸਾਲ ਦੀ ਉਮਰ ਦੇ ਬੱਚਿਆਂ ਨੂੰ Tdap ਦੀ ਇੱਕ ਖੁਰਾਕ ਲੈਣੀ ਚਾਹੀਦੀ ਹੈ।

**ਗਰਭਵਤੀ ਔਰਤਾਂ** ਨੂੰ ਹਰ ਗਰਭ ਅਵਸਥਾ ਦੌਰਾਨ ਨਵਜੰਮੇ ਬੱਚੇ ਨੂੰ ਪਰਟੂਸਿਸ ਤੋਂ ਸੁਰਖਿਅਤ ਰੱਖਣ ਲਈ Tdap ਦੀ ਇੱਕ ਖੁਰਾਕ ਲੈਣੀ ਚਾਹੀਦੀ ਹੈ, ਖਾਸ ਕਰਕੇ ਤੀਜੇ ਤਿਮਾਹੀ ਦੇ ਸ਼ੁਰੂਆਤੀ ਹਿੱਸੇ ਵਿੱਚ। ਨਿਆਣਿਆਂ ਨੂੰ ਪਰਟੂਸਿਸ ਤੋਂ ਗੰਭੀਰ, ਜਾਨਲੇਵਾ ਜਟਿਲਤਾਵਾਂ ਹੋਣ ਦਾ ਸਭ ਤੋਂ ਵੱਧ ਖ਼ਤਰਾ ਹੁੰਦਾ ਹੈ।

ਉਨ੍ਹਾਂ **ਬਾਲਗਾਂ** ਨੂੰ Tdap ਦੀ ਇੱਕਖੁਰਾਕ ਲੈਣੀ ਚਾਹੀਦੀ ਹੈ ਜਿਨ੍ਹਾਂ ਨੇ ਕਦੀ ਇਸਦੀ ਖੁਰਾਕ ਨਹੀਂ ਲਈ ਹੈ।

**ਬਾਲਗਾਂ ਨੂੰ Tdap ਜਾਂ ਟੀਡੀ (ਇੱਕ ਵੱਖਰੀ ਵੈਕਸੀਨ ਜੋ ਟੈਟਨਸ ਅਤੇ ਡਿਪਥੀਰੀਆ ਤੋਂ ਬਚਾਉਂਦੀ ਹੈ ਪਰ ਪਰਟੂਸਿਸ ਤੋਂ ਨਹੀਂ)** ਦੀ ਇੱਕ ਬੂਸਟਰ ਖੁਰਾਕ ਵੀ ਲੈਣੀ ਚਾਹੀਦੀ ਹੈ। ਗੰਭੀਰ ਜ਼ਖ਼ਮ ਜਾਂ ਜਲਣ ਦੀ ਸਥਿਤੀ ਵਿੱਚ **ਹਰ 10 ਸਾਲਾਂ** ਜਾਂ 5 ਸਾਲਾਂ ਬਾਅਦ।

Tdap ਵੈਕਸੀਨ ਨੂੰ ਹੋਰ ਵੈਕਸੀਨਾਂ ਨਾਲ ਦਿੱਤਾ ਜਾ ਸਕਦਾ ਹੈ।

## 3. ਆਪਣੇ ਡਾਕਟਰ ਨਾਲ ਗੱਲ ਕਰੋ

ਤੁਹਾਨੂੰ ਟੀਕਾ ਲਗਾਉਣ ਵਾਲੇ ਵਿਅਕਤੀ ਨੂੰ ਦੱਸੋ ਜੇ ਟੀਕਾ ਲਗਵਾਉਣ ਵਾਲੇ ਵਿਅਕਤੀ:

- **ਨੂੰ ਟੈਟਨਸ, ਡਿਪਥੀਰੀਆ, ਜਾਂ ਪਰਟੂਸਿਸ ਤੋਂ ਬਚਾਅ ਕਰਨ ਵਾਲੀ ਕਿਸੇ ਵੀ ਵੈਕਸੀਨ ਦੀ ਪਿਛਲੀ ਖੁਰਾਕ ਤੋਂ ਬਾਅਦ ਕੋਈ ਐਲਰਜੀ ਪ੍ਰਤੀਕਿਰਿਆ, ਜਾਂ ਗੰਭੀਰ, ਜਾਨਲੇਵਾ ਐਲਰਜੀ ਪ੍ਰਤੀਕਿਰਿਆ ਨਹੀਂ ਹੋਈ ਸੀ।**
- **ਨੂੰ ਕਿਸੇ ਵੀ ਪਰਟੂਸਿਸ ਵੈਕਸੀਨ (DTP, DTap, ਜਾਂ Tdap) ਦੀ ਪਿਛਲੀ ਖੁਰਾਕ ਲੈਣ ਦੇ 7 ਦਿਨਾਂ ਦੇ ਅੰਦਰ ਕੋਮਾ, ਚੇਤਨਾ ਦੇ ਪੱਧਰ ਵਿੱਚ ਕਮੀ, ਜਾਂ ਲੰਬੇ ਸਮੇਂ ਤੱਕ ਦੌਰੇ ਤਾਂ ਨਹੀਂ ਪੈਂਦੇ ਸਨ।**
- **ਨੂੰ ਦੌਰੇ ਜਾਂ ਹੋਰ ਦਿਮਾਗੀ ਪ੍ਰਣਾਲੀ ਸੰਬੰਧੀ ਸਮੱਸਿਆਵਾਂ ਨਹੀਂ ਹੋਈਆਂ ਸੀ**
- **ਗੁਏਨ-ਬਾਰੇ ਸਿੰਡਰੋਮ** (ਜਿਸ ਨੂੰ "GBS" ਵੀ ਕਿਹਾ ਜਾਂਦਾ ਹੈ) **ਤਾਂ ਨਹੀਂ ਹੋਇਆ ਸੀ**
- **ਨੂੰ ਟੈਟਨਸ ਜਾਂ ਡਿਪਥੀਰੀਆ ਤੋਂ ਬਚਾਅ ਕਰਨ ਵਾਲੀ ਕਿਸੇ ਵੀ ਵੈਕਸੀਨ ਦੀ ਪਿਛਲੀ ਖੁਰਾਕ ਤੋਂ ਬਾਅਦ ਗੰਭੀਰ ਦਰਦ ਜਾਂ ਸੋਜਸ਼ ਨਹੀਂ ਹੋਈ ਸੀ**

ਕੁਝ ਮਾਮਲਿਆਂ ਵਿੱਚ, ਤੁਹਾਡਾ ਡਾਕਟਰ ਅਗਲੀ ਮੁਲਾਕਾਤ ਤੱਕ Tdap ਟੀਕਾਕਰਨ ਨੂੰ ਮੁਲਤਵੀ ਕਰਨ ਦਾ ਫੈਸਲਾ ਕਰ ਸਕਦਾ ਹੈ।

ਜ਼ੁਕਾਮ ਵਰਗੀ ਮਾਮੂਲੀ ਬੀਮਾਰੀ ਵਾਲੇ ਲੋਕਾਂ ਨੂੰ ਵੈਕਸੀਨ ਦਿੱਤੀ ਜਾ ਸਕਦੀ ਹੈ। ਜਿਨ੍ਹਾਂ ਲੋਕਾਂ ਨੂੰ ਆਮ ਜਾਂ ਗੰਭੀਰ ਬੀਮਾਰੀ ਹੈ ਉਹਨਾਂ ਨੂੰ ਆਮ ਤੌਰ 'ਤੇ Tdap ਵੈਕਸੀਨ ਲੈਣ ਤੋਂ ਪਹਿਲਾਂ ਬਿਮਾਰੀ ਦੇ ਠੀਕ ਹੋਣ ਤੱਕ ਉਡੀਕ ਕਰਨੀ ਚਾਹੀਦੀ ਹੈ।

ਤੁਹਾਡਾ ਡਾਕਟਰ ਤੁਹਾਨੂੰ ਹੋਰ ਜਾਣਕਾਰੀ ਦੇ ਸਕਦਾ ਹੈ।

U.S. Department of Health and Human Services
Centers for Disease Control and Prevention

## 4. ਟੀਕੇ ਤੋਂ ਪ੍ਰਤੀਕਿਰਿਆ ਹੋਣ ਦੇ ਜੋਖਮ

- Tdap ਟੀਕਾਕਰਨ ਤੋਂ ਬਾਅਦ ਕਈ ਵਾਰ ਉਸ ਥਾਂ 'ਤੇ ਦਰਦ, ਲਾਲੀ, ਜਾਂ ਸੋਜ ਹੋ ਸਕਦੀ ਹੈ ਜਿੱਥੇ ਟੀਕਾ ਲਗਾਇਆ ਗਿਆ ਸੀ, ਹਲਕਾ ਬੁਖਾਰ, ਸਿਰ ਦਰਦ, ਥਕਾਵਟ ਮਹਿਸੂਸ ਕਰਨਾ, ਅਤੇ ਮਤਲੀ, ਉਲਟੀਆਂ, ਦਸਤ, ਜਾਂ ਪੇਟ ਦਰਦ ਹੁੰਦਾ ਹੈ।

ਟੀਕਾਕਰਨ ਸਮੇਤ ਡਾਕਟਰੀ ਪ੍ਰਕਿਰਿਆਵਾਂ ਤੋਂ ਬਾਅਦ ਕਈ ਵਾਰ ਲੋਕ ਬੇਹੋਸ਼ ਹੋ ਜਾਂਦੇ ਹਨ। ਜੇਕਰ ਤੁਹਾਨੂੰ ਚੱਕਰ ਆ ਰਹੇ ਹਨ ਜਾਂ ਵੇਖਣ ਵਿੱਚ ਕੋਈ ਪਰੇਸ਼ਾਨੀ ਹੋ ਰਹੀ ਹੈ ਜਾਂ ਤੁਹਾਡੇ ਕੰਨਾਂ ਵਿੱਚ ਘੰਟਿਆਂ ਵੱਜ ਰਹੀਆਂ ਹਨ ਤਾਂ ਆਪਣੇ ਡਾਕਟਰ ਨੂੰ ਦੱਸੋ।

ਕਿਸੇ ਵੀ ਦਵਾਈ ਦੀ ਤਰ੍ਹਾਂ, ਵੈਕਸੀਨ ਕਰਕੇ ਗੰਭੀਰ ਐਲਰਜੀ ਪ੍ਰਤੀਕਿਰਿਆ, ਹੋਰ ਗੰਭੀਰ ਸੱਟ, ਜਾਂ ਮੌਤ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ।

## 5. ਜੇ ਕੋਈ ਗੰਭੀਰ ਸਮੱਸਿਆ ਹੁੰਦੀ ਹੈ ਤਾਂ ਕੀ ਹੋਵੇਗਾ?

ਇੱਕ ਵਿਅਕਤੀ ਜਿਸਨੂੰ ਟੀਕਾ ਲਗਾਇਆ ਗਿਆ ਹੈ, ਕਲੀਨਿਕ ਛੱਡਣ ਤੋਂ ਬਾਅਦ ਉਸਨੂੰ ਐਲਰਜੀ ਪ੍ਰਤੀਕਿਰਿਆ ਹੋ ਸਕਦੀ ਹੈ। ਜੇਕਰ ਤੁਹਾਨੂੰ ਕਿਸੇ ਗੰਭੀਰ ਐਲਰਜੀ ਪ੍ਰਤੀਕਿਰਿਆ (ਪਿੱਤ, ਚਿਹਰੇ ਅਤੇ ਗਲੇ ਦੀ ਸੋਜ, ਸਾਹ ਲੈਣ ਵਿੱਚ ਮੁਸ਼ਕਲ, ਤੇਜ਼ ਧੜਕਣ,

ਚੱਕਰ ਆਉਣਾ, ਜਾਂ ਕਮਜ਼ੋਰੀ) ਦੇ ਲੱਛਣ ਵਿਖਾਈ ਦੇਂਦੇ ਹਨ, ਤਾਂ **9-1-1** 'ਤੇ ਕੱਾਲ ਕਰੋ ਅਤੇ ਲੱਛਣ ਵਾਲੇ ਵਿਅਕਤੀ ਨੂੰ ਕਿਸੇ ਨੇੜੇ ਦੇ ਹਸਪਤਾਲ ਲੈ ਜਾਓ।

ਹੋਰ ਲੱਛਣਾਂ ਲਈ ਜਿਨ੍ਹਾਂ ਬਾਰੇ ਤੁਸੀਂ ਚਿੰਤਤ ਹੋ, ਆਪਣੇ ਡਾਕਟਰ ਨੂੰ ਕੱਾਲ ਕਰੋ।

ਵੈਕਸੀਨ ਐਡਵਰਸ ਇਵੈਂਟ ਰਿਪੋਰਟਿੰਗ ਸਿਸਟਮ (VAERS) ਨੂੰ ਪ੍ਰਤੀਕੂਲ ਪ੍ਰਤੀਕਿਰਿਆਵਾਂ ਦੀ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ। ਆਮ ਤੌਰ 'ਤੇ ਤੁਹਾਡਾ ਡਾਕਟਰ ਇਹ ਰਿਪੋਰਟ ਦਰਜ ਕਰੇਗਾ, ਜਾਂ ਤੁਸੀਂ ਇਹ ਆਪਣੇ ਆਪ ਵੀ ਕਰ ਸਕਦੇ ਹੋ। www.vaers.hhs.gov 'ਤੇ VAERS ਦੀ ਵੈੱਬਸਾਈਟ 'ਤੇ ਜਾਓ ਜਾਂ **1-800-822-7967** 'ਤੇ ਕੱਾਲ ਕਰੋ। *ਵੀਏਈਆਰਏਸ ਸਿਰਫ ਪ੍ਰਤੀਕਿਰਿਆਵਾਂ ਦੀ ਰਿਪੋਰਟ ਕਰਨ ਲਈ ਹੈ, ਅਤੇ VAERS ਸਟਾਫ ਕੋਈ ਡਾਕਟਰੀ ਸਲਾਹ ਨਹੀਂ ਦਿੰਦਾ ਹੈ।*

## 6. ਨੈਸ਼ਨਲ ਵੈਕਸੀਨ ਇੰਜਰੀ ਕੰਪਨਸੇਸ਼ਨ ਪ੍ਰੋਗਰਾਮ

ਨੈਸ਼ਨਲ ਵੈਕਸੀਨ ਇੰਜਰੀ ਕੰਪਨਸੇਸ਼ਨ ਪ੍ਰੋਗਰਾਮ (VICP) ਇੱਕ ਸੰਘੀ ਪ੍ਰੋਗਰਾਮ ਹੈ ਜੋ ਉਹਨਾਂ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਬਣਾਇਆ ਗਿਆ ਸੀ ਜੋ ਕਿਸੇ ਵੈਕਸੀਨ ਲੈਣ ਨਾਲ ਜ਼ਖਮੀ ਹੋ ਸਕਦੇ ਹਨ। ਟੀਕਾਕਰਨ ਦੇ ਕਾਰਨ ਕਥਿਤ ਸੱਟ ਜਾਂ ਮੌਤ ਦੇ ਸੰਬੰਧ ਵਿੱਚ ਦਾਅਵੇ ਦਾਇਰ ਕਰਨ ਲਈ ਇੱਕ ਸਮੇਂ ਸੀਮਾ ਹੈ, ਜੋ ਕਿ ਦੋ ਸਾਲਾਂ ਤੋਂ ਘੱਟ ਹੋ ਸਕਦੀ ਹੈ। ਪ੍ਰੋਗਰਾਮ ਬਾਰੇ ਜਾਣਕਾਰੀ ਅਤੇ ਦਾਅਵਾ ਦਾਇਰ ਕਰਨ ਲਈ, VICP ਦੀ ਵੈੱਬਸਾਈਟ www.hrsa.gov/vaccinecompensation 'ਤੇ ਜਾਓ ਜਾਂ **1-800-338-2382** 'ਤੇ ਕੱਾਲ ਕਰੋ।

## 7. ਮੈਂ ਹੋਰ ਜਾਣਕਾਰੀ ਕਿਵੇਂ ਪ੍ਰਾਪਤ ਕਰ ਸਕਦਾ ਹਾਂ?

- ਆਪਣੇ ਡਾਕਟਰ ਨੂੰ ਪੁੱਛੋ।
- ਆਪਣੇ ਸਥਾਨਕ ਜਾਂ ਰਾਜ ਦੇ ਸਿਹਤ ਵਿਭਾਗ ਨੂੰ ਕੱਾਲ ਕਰੋ।
- ਵੈਕਸੀਨ ਪੈਕੇਜ ਇੰਸਰ੍ਟ੍ਸ ਅਤੇ ਹੋਰ ਜਾਣਕਾਰੀ ਲਈ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (FDA) ਦੀ ਵੈੱਬਸਾਈਟ www.fda.gov/vaccines-blood-biologics/vaccines 'ਤੇ ਜਾਓ।
- ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰਿਵੈਂਸ਼ਨ (CDC) ਨਾਲ ਸੰਪਰਕ ਕਰੋ:
  - **1-800-232-4636 (1-800-CDC-INFO)** 'ਤੇ ਕੱਾਲ ਕਰੋ ਜਾਂ
  - CDC ਦੀ ਵੈੱਬਸਾਈਟ www.cdc.gov/vaccines 'ਤੇ ਜਾਓ।

Punjabi translation of Tdap VIS provided by California Department of Public Health, Immunization Program